## SECTION A

Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ : *10×5=50*

(a) ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਪੜਾਵਾਂ ਬਾਰੇ ਦੱਸੋ । ਪੰਜਾਬੀ ਭਾਸ਼ਾ ਦੇ ਜਨਮ ਨੂੰ ਨਾਥ ਜੋਗੀਆਂ ਦੇ ਸਾਹਿਤ ਨਾਲ ਜੋੜਨਾ ਕਿੰਨਾ ਕੁ ਤਰਕਸੰਗਤ ਹੈ ? *10*

(b) ਸਮਕਾਲ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਸਹੀ ਦਿਸ਼ਾ ਵਿੱਚ ਲੈ ਕੇ ਜਾਣ ਲਈ, ਕਿਹੜੇ ਰਾਜਕੀ ਅਤੇ ਅਕਾਦਮਿਕ ਯਤਨ ਹੋਣੇ ਚਾਹੀਦੇ ਹਨ । *10*

(c) ਪੰਜਾਬੀ ਸ਼ਬਦ-ਜੋੜਾਂ ਦੀ ਸਮੱਸਿਆ ਬਾਰੇ ਚਰਚਾ ਕਰਦੇ ਹੋਏ ਇਨ੍ਹਾਂ ਦੇ ਮਿਆਰੀਕਰਨ ਲਈ ਕੀ ਕੋਈ ਸਾਂਝਾ ਸ਼ਬਦ-ਜੋੜ ਕੋਸ਼ ਅਪਣਾਇਆ ਜਾਣਾ ਚਾਹੀਦਾ ਹੈ ? *10*

(d) ਗੁਰਮੁਖੀ ਲਿੱਪੀ ਹੀ ਪੰਜਾਬੀ ਲਈ ਕਿਉਂ ਉੱਚਿਤ ਹੈ ? ਦਲੀਲਾਂ ਸਹਿਤ ਉੱਤਰ ਦਿਉ । *10*

(e) ਕੀ ਪੰਜਾਬੀ ਸਾਹਿਤ ਦੇ ਜਨਮ ਨੂੰ ਨਾਥ ਜੋਗੀਆਂ ਦੇ ਸਾਹਿਤ ਕਾਲ ਜੋੜਨਾ ਤਰਕਸੰਗਤ ਹੈ, ਜਦ ਕਿ ਇਸ ਸਾਹਿਤ ਦੀ ਭਾਸ਼ਾ ਅਤੇ ਵਿਚਾਰਧਾਰਾ, ਅਜੋਕੇ ਪੰਜਾਬੀ ਸਾਹਿਤ ਤੋਂ ਕਾਫ਼ੀ ਵੱਖਰੀ ਹੈ । *10*

Q2. (a) ਪੰਜਾਬੀ ਧੁਨੀ-ਵਿਗਿਆਨ ਦੀਆਂ ਕੀ ਭਾਸ਼ਾਈ ਵਿਸ਼ੇਸ਼ਤਾਵਾਂ ਹਨ ? ਚਰਚਾ ਕਰੋ । *20*

(b) ਪੰਜਾਬੀ ਵਾਕ ਵਿਚਲੇ ਸ਼ਬਦ, ਲਿੰਗ ਅਤੇ ਵਚਨ ਅਨੁਸਾਰ ਕਿਸ ਤਰ੍ਹਾਂ ਰੂਪ ਬਦਲਦੇ ਹਨ ? ਉਦਾਹਰਣਾਂ ਸਹਿਤ ਚਰਚਾ ਕਰੋ । *15*

(c) ਪੰਜਾਬੀ ਕਿੱਸਾ ਕਾਵਿ ਸਾਝੇ ਪੰਜਾਬੀ ਸਭਿਆਚਾਰ ਦਾ ਸਜੀਵ ਤੇ ਸਮੂਰਤ ਚਿੱਤ੍ਰਣ ਪੇਸ਼ ਕਰਦਾ ਹੈ । ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ । *15*

**Q3.** (a) ਪੰਜਾਬੀ ਵਿੱਚ ਕਾਰਕੀ ਚਿੰਨ੍ਹਾਂ ਦੀ ਥਾਂ ਪਰਸਰਗਾਂ (post-positions) ਵਿਕਸਤ ਹੋਣ ਦੇ ਕੀ ਕਾਰਨ ਹਨ ? ਪੰਜਾਬੀ ਵਿੱਚ ਪ੍ਰਚੱਲਿਤ ਪਰਸਰਗਾਂ ਬਾਰੇ ਜਾਣਕਾਰੀ ਵੀ ਦਿਉ । *20*

(b) ਗੁਰਮਤਿ ਕਾਵਿ ਧਾਰਾ ਅਧਿਆਤਮਕਤਾ ਦੇ ਨਾਲ-ਨਾਲ ਸਮਾਜਿਕ ਤੇ ਸਭਿਆਚਾਰਕ ਨਵ-ਜਾਗ੍ਰਿਤੀ ਦਾ ਮਜ਼ਬੂਤ ਪ੍ਰਵਚਨ ਸਿਰਜਦੀ ਹੈ । ਇਸ ਬਾਰੇ ਮਿਸਾਲਾਂ ਸਹਿਤ ਟਿੱਪਣੀ ਕਰੋ । *15*

(c) ਪੰਜਾਬੀ ਭਾਸ਼ਾ ਵਿੱਚ ਪ੍ਰਮੁੱਖ ਉਪ-ਭਾਸ਼ਾਵਾਂ ਦੀ ਆਪਸੀ ਵਖਰਤਾ ਅਤੇ ਮੌਲਿਕ ਭਾਸ਼ਾਈ ਪਛਾਣ ਦੇ ਖੇਤਰੀ ਆਧਾਰਾਂ ਦੀ ਪਛਾਣ ਕਰਵਾਉ । *15*

**Q4.** (a) ਪੰਜਾਬੀ ਨੂੰ ਬਾਕੀ ਭਾਰਤੀ ਆਰੀਆਈ ਭਾਸ਼ਾਵਾਂ ਨਾਲੋਂ ਨਿਖੇੜਨ ਲਈ ਸੁਰ ਇੱਕ ਮਹੱਤਵਪੂਰਨ ਨਿਖੇੜਕ ਇਕਾਈ ਹੈ । ਇਸ ਬਾਰੇ ਚਰਚਾ ਕਰਦੇ ਹੋਏ ਪੰਜਾਬੀ ਵਿੱਚ ਮਿਲਦੇ ਸੁਰਾਂ ਦੇ ਵਰਤਾਰੇ ਬਾਰੇ ਜਾਣਕਾਰੀ ਦਿਉ । *20*

(b) ਸੂਫ਼ੀ ਸਿਧਾਂਤ ਇਸਲਾਮੀ ਵਿਚਾਰਧਾਰਾ 'ਤੇ ਆਧਾਰਤ ਹੋਣ ਦੇ ਬਾਵਜੂਦ ਵੀ ਪੰਜਾਬੀ ਸੂਫ਼ੀ ਕਵਿਤਾ, ਭਾਰਤੀ ਕਾਵਿ ਵਿਚਲੀ ਬਿਰਹੋਂ ਤੇ ਸ਼ਿੰਗਾਰ ਰਸੀ ਸ਼ਾਇਰੀ ਦਾ ਮੌਲਿਕ ਰੂਪ ਪੇਸ਼ ਕਰਦੀ ਹੈ । ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ । *15*

(c) ਮੱਧਕਾਲ ਦੇ ਪੰਜਾਬੀ ਸਾਹਿਤ ਵਿੱਚ ਗੁਰਮਤਿ ਸਾਹਿਤਕ ਪਰੰਪਰਾ, ਲੋਕ-ਕਾਵਿ-ਰੂਪਾਂ ਨੂੰ ਕਲਾਸੀਕਲ ਰੂਪ ਵਿੱਚ ਕਿਵੇਂ ਰੁਪਾਂਤਰਿਤ ਕਰਦੀ ਹੈ ? *15*

## SECTION B

Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ : 10×5=50

(a) ਕੀ ਰੋਮਾਂਟਿਕ ਪੰਜਾਬੀ ਕਾਵਿ-ਪਰੰਪਰਾ ਦਾ ਕੋਈ ਇੱਕੋ ਇੱਕ ਵਿਚਾਰਧਾਰਕ ਕੇਂਦਰ ਮੰਨਿਆ ਜਾ ਸਕਦਾ ਹੈ ? ਜੇ ਨਹੀਂ ਤਾਂ ਕਾਰਨ ਦੱਸੋ । 10

(b) ਅਮ੍ਰਿਤਾ ਪ੍ਰੀਤਮ ਅਤੇ ਬ਼ਾਵਾ ਬਲਵੰਤ ਦੇ ਪ੍ਰਗਤੀਵਾਦ ਵਿੱਚ ਮੂਲ ਵਿਚਾਰਧਾਰਾਈ ਵਖਰੇਵਾਂ ਕੀ ਹੈ ? 10

(c) ਨਵ-ਰਹੱਸਵਾਦੀ ਕਾਵਿ-ਪਰੰਪਰਾ ਬਾਰੇ ਦੱਸਦੇ ਹੋਏ, ਭਾਈ ਵੀਰ ਸਿੰਘ ਦੀ ਨਵ-ਰਹੱਸਵਾਦੀ ਵਿਚਾਰਧਾਰਾ ਦੀ ਵਿੱਲਖਣਤਾ ਸੰਬੰਧੀ ਚਰਚਾ ਕਰੋ । 10

(d) ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦੇ ਸਹਜ-ਸਾਸਤਰੀ ਆਧਾਰਾਂ ਦੀ ਪਛਾਣ ਕਰਵਾਉ । ਇਹ ਵੀ ਪੜਚੋਲ ਕਰੋ ਕਿ ਉਹ ਲੋਕਾਂ ਵਿੱਚ ਐਨਾ ਹਰਮਨ ਪਿਆਰਾ ਕਵੀ ਕਿਉਂ ਹੈ ? 10

(e) ਗੁਰਦਿਆਲ ਸਿੰਘ ਦੀ ਨਾਵਲ-ਕਲਾ ਦੀਆਂ ਭਾਸ਼ਾਈ ਪ੍ਰਾਪਤੀਆਂ ਕੀ ਹਨ ? ਕੀ ਮਲਵਈ ਆਂਚਲਿਕਤਾ ਅਤੇ ਸੰਸਕ੍ਰਿਤੀ 'ਤੇ ਉਸਦੀ ਮੁਹਾਰਤ ਇਸ ਦਾ ਕਾਰਨ ਹੈ ? 10

Q6. (a) ਬਲਵੰਤ ਗਾਰਗੀ ਔਰਤ ਮਨ ਦੀ ਪੀੜਾ, ਵੇਦਨਾ 'ਤੇ ਗੁੰਝਲਾਂ ਪੇਸ਼ ਕਰਨ ਵਾਲਾ ਸ਼ਸ਼ੱਕਤ ਨਾਟਕਕਾਰ ਹੈ । ਇਸ ਕਥਨ ਦੀ ਪੁਸ਼ਟੀ ਗਾਰਗੀ ਦੇ ਨਾਟਕਾਂ ਵਿੱਚੋਂ ਮਿਸਾਲਾਂ ਦੇ ਕੇ ਕਰੋ । 20

(b) ਸੁਹਜਵਾਦ ਦੇ ਸਿਧਾਂਤਕ ਆਧਾਰਾਂ ਨੂੰ ਸਪੱਸ਼ਟ ਕਰਦੇ ਹੋਏ ਹਰਿਭਜਨ ਸਿੰਘ ਕਾਵਿ ਵਿਚਲੇ ਸੁਹਜਵਾਦੀ ਅੰਸ਼ਾਂ ਦੀ ਪਛਾਣ ਨਿਰਧਾਰਤ ਕਰੋ । 15

(c) ਪੂਰਨ ਸਿੰਘ ਦੀ ਵਾਰਤਕ ਵਿੱਚ ਕਵਿਤਾ ਵਰਗੀ ਲੈਅ ਅਤੇ ਰਵਾਨਗੀ ਹੈ ਜੋ ਇਸਨੂੰ ਕਾਵਿਮਈ ਵਾਰਤਕ ਬਣਾ ਦਿੰਦੀ ਹੈ । ਇਸ ਬਾਰੇ ਆਲੋਚਨਾਤਮਕ ਵਿਚਾਰ ਦਿਓ । 15

**Q7.** (a) ਜਨਮ ਹੁਸੈਨ ਸੱਯਦ ਅਤੇ ਅਤਰ ਸਿੰਘ ਦੀ ਸਾਹਿਤਕ ਆਲੋਚਨਾ ਵਿੱਚ ਵਿਚਾਰਧਾਰਕ ਪ੍ਰਤੀਬੱਧਤਾ ਦਾ ਕੀ ਯੋਗਦਾਨ ਹੈ ? 20

(b) ਪੰਜਾਬੀ ਲੋਕ ਗੀਤ ਸਿਰਫ਼ ਸਾਹਿਤਕ ਪਾਠਾਂ ਵਜੋ ਹੀ ਮਹੱਤਤਾ ਨਹੀਂ ਰੱਖਦੇ ਸਗੋਂ ਸਾਡੇ ਸਮਾਜਿਕ ਤੇ ਸੰਸਕ੍ਰਿਤਕ ਜੀਵਨ ਵਿੱਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ । ਇਸ ਕਥਨ ਬਾਰੇ ਦਲੀਲਾਂ ਸਾਹਿਤ ਚਰਚਾ ਕਰੋ । 15

(c) ਪ੍ਰਿੰ. ਤੇਜਾ ਸਿੰਘ ਸਾਧਾਰਨ ਵਿਸ਼ਿਆਂ ਉੱਪਰ ਗਿਆਨ ਭਰਪੂਰ ਕਲਾਮਈ ਨਿਬੰਧ ਲਿਖਣ ਵਿੱਚ ਮਾਹਿਰ ਲੇਖਕ ਸੀ । ਇਸ ਕਥਨ ਬਾਰੇ ਆਲੋਚਨਾਤਮਕ ਵਿਚਾਰ ਚਰਚਾ ਕਰੋ । 15

**Q8.** (a) ਕੁਲਵੰਤ ਸਿੰਘ ਵਿਰਕ ਦੀ ਕਹਾਣੀ-ਕਲਾ ਦੇ ਉਨ੍ਹਾਂ ਨੁਕਤਿਆਂ ਦੀ ਪਛਾਣ ਕਰਵਾਉ ਜਿਸ ਕਾਰਨ ਉਹ ਅੱਜ ਵੀ, ਪੰਜਾਬੀ ਕਹਾਣੀ ਦਾ ਥੰਮ੍ਹ ਬਣਿਆ ਹੋਇਆ ਹੈ ? 20

(b) ਮੱਧਕਾਲੀ ਪੰਜਾਬੀ ਸਾਹਿਤ ਸਬੰਧੀ ਮਿਲਦੇ ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਦੇ ਸਮੀਖਿਆ ਚਿੰਤਨ ਬਾਰੇ ਵਿਚਾਰ ਚਰਚਾ ਕਰੋ । 15

(c) ਲੋਕ-ਗੀਤ ਨੂੰ ਪਰਿਭਾਸ਼ਿਤ ਕਰਦਿਆਂ, ਪੰਜਾਬ ਦੇ ਲੋਕ-ਗੀਤਾਂ ਦੇ ਪ੍ਰਮੁੱਖ ਸੁਹਜ-ਸ਼ਾਸਤਰੀ (Aesthetical) ਪੱਖਾਂ ਦੀ ਪਛਾਣ ਕਰਵਾਉ । 15